# 'ਜੱਟਵਾਦ'- ਇਕ ਦੀਰਘ ਰੋਗ: (ਲੜੀਵਾਰ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਸ੍ਰ. ਅਜਮੇਰ ਸਿੰਘ)

Posted by: webmaster in ਚੋਣਵੀ ਖਬਰ/ਲੇਖ, ਲੇਖ/ਵਿਚਾਰ June 17, 2014

Comments Offon 'ਜੱਟਵਾਦ'- ਇਕ ਦੀਰਘ ਰੋਗ: (ਲੜੀਵਾਰ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਸ੍ਰ. ਅਜਮੇਰ ਸਿੰਘ) 587 Views


**– ਸ੍ਰ. ਅਜਮੇਰ ਸਿੰਘ**

**ਕੱਲ ਤੋਂ ਅੱਗੇ.......**

## 'ਜੱਟਵਾਦ'- ਇਕ ਦੀਰਘ ਰੋਗ

**"ਜਿਸ ਵਰਗ ਨੇ ਸਿੱਖੀ ਦੀ ਹਕੀਕੀ ਸਪਿਰਟ ਤੇ ਜਜ਼ਬੇ ਨੂੰ ਧੁਰ ਦਿਲੋਂ ਅਪਣਾਇਆ ਤੇ ਗ੍ਰਹਿਣ ਕੀਤਾ ਸੀ, ਉਨ੍ਹਾਂ ਨੇ ਪਾਕਿ ਤੇ ਬੁ¦ਦ ਇਖਲਾਕ ਦੇ ਉਹ ਜਲਵੇ ਦਿਖਾਏ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਕੱਟੜ ਦੁਸ਼ਮਣ ਵੀ ਪ੍ਰਭਾਵਿਤ ਤੇ ਅਚੰਭਤ ਹੋਣੋਂ ਨਾ ਰਹਿ ਸਕੇ। ਸੋ ਸਮੁੱਚੇ ਇਤਿਹਾਸਕ ਤਜਰਬੇ 'ਚੋਂ ਇਹ ਗੱਲ ਪਰਗਟ ਹੁੰਦੀ ਹੈ ਕਿ ਪੰਜਾਬ ਦਾ ਜੱਟ ਕਿਸਾਨ ਜਦ ਸਿੱਖੀ ਦੇ ਜਜ਼ਬੇ ਨੂੰ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਸ਼ੁੱਧ 'ਸੋਨਾ' ਬਣ ਜਾਂਦਾ ਹੈ ਅਤੇ ਜਦ ਉਹ ਇਸ ਜਜ਼ਬੇ ਤੋਂ ਵਿਰਵਾ ਹੋ ਜਾਂਦਾ ਹੈ ਤਾਂ ਉਹ 'ਪਿਤਲ' ਦੇ ਮੁੱਲ ਦਾ ਵੀ ਨਹੀਂ ਰਹਿੰਦਾ। ਬਤੌਰ ਨਿਰਾ ਜੱਟ ਉਹ ਜ਼ਾਹਲ ਤੇ ਜਾਤ ਅਭਿਮਾਨੀ ਹੋ ਨਿਬੜਦਾ ਹੈ। ਇਸ ਸਬੰਧੀ (ਮਰਹੂਮ) ਪ੍ਰੋ. ਕਿਸ਼ਨ ਸਿੰਘ ਦਾ ਇਹ ਨਿਰਣਾ ਬਹੁਤ ਹੀ ਟਿਕਾਣੇ ਦਾ ਹੈ ਕਿ ''ਪੰਜਾਬ ਦੇ ਜੱਟ-ਕਿਸਾਨ ਦੇ ਕਿਰਦਾਰ ਅੰਦਰ ਇਕ ਵੱਡਾ ਵਿਰੋਧਾ-ਭਾਸ ਹੈ। ਇਸ ਵਿਚ ਜਿੱਥੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਾਸਤੇ ਐਨੀ ਡੂੰਘੀ ਵਫ਼ਾਦਾਰੀ ਹੈ, ਉੱਥੇ ਜੱਟਪੁਣੇ ਦਾ ਜਜ਼ਬਾ ਵੀ ਬਹੁਤ ਗਹਿਰਾ ਹੈ। ਜੱਟਪੁਣੇ ਦੇ ਜਜ਼ਬੇ ਦੇ ਦੋ ਪਹਿਲੂ ਹਨ। ਇਕ, ਇਹ ਇਸ ਨੂੰ ਕੀਰ ਹੋਣੋਂ ਬਚਾਉਂਦਾ ਹੈ। (ਇਸ ਪੱਖੋਂ ਗੁਣਕਾਰੀ ਹੈ)। ਦੂਜਾ, ਇਹ ਦੀਰਘ ਰੋਗ ਹੈ ..... ਜੱਟਪੁਣੇ ਦਾ ਇਹ ਜਜ਼ਬਾ ਹੈ ਇਨਾ ਪਰਬਲ ਤੇ ਹੱਡੀਂ ਰਚਿਆ ਹੋਇਆ ਕਿ ਸਵਾਏ ਸਿੱਖੀ ਤੋਂ, ਸਵਾਏ ਗੁਰੂ ਸਾਹਿਬ ਦੇ ਜਜ਼ਬੇ ਤੋਂ, ਇਸ (ਜੱਟਪੁਣੇ) ਉਤੇ ਹੋਰ ਕੋਈ ਜਜ਼ਬਾ ਗਲਬਾ ਨਹੀਂ ਪਾ ਸਕਦਾ''**

ਪਿੰਡ ਦੀਆਂ ਹੋਰਨਾਂ ਜਾਤੀਆਂ ਅੰਦਰ, ਅਕਾਲੀ ਦਲ ਨੂੰ ਭਾਰੂ ਰੂਪ ਵਿਚ ਜੱਟ-ਕਿਸਾਨਾਂ ਦੀ ਪਾਰਟੀ ਵਜੋਂ ਦੇਖਣ ਦੀ ਸੋਚ ਅਤੇ ਭਾਵਨਾ ਪਹਿਲਾਂ ਹੀ ਕਾਫੀ ਪਰਬਲ ਸੀ। ਸੰਤ ਫਤਹਿ ਸਿੰਘ ਦੁਆਰਾ ਮਾਸਟਰ ਤਾਰਾ ਸਿੰਘ ਨੂੰ ਲਾਂਭੇ ਕਰਕੇ ਅਕਾਲੀ ਦਲ ਅਤੇ ਰਾਜਨੀਤੀ ਉਤੇ ਆਪਣੀ ਚੌਧਰ ਜਮਾ ਲੈਣ, ਅਤੇ ਇਸ ਤਰ੍ਹਾਂ, ਅਕਾਲੀ ਦਲ ਦੇ ਇਤਿਹਾਸ ਅੰਦਰ, ਪਹਿਲੀ ਵਾਰ, ਸ਼ਹਿਰੀ ਮੱਧਵਰਗੀ ਸਿੱਖ ਤਬਕੇ ਨੂੰ ਅਕਾਲੀ ਰਾਜਨੀਤੀ ਅੰਦਰ ਪੂਰੀ ਤਰ੍ਹਾਂ ਨੁਕਰੇ ਲਾ ਕੇ ਇਸ ਉਤੇ ਜੱਟ ਕਿਸਾਨ ਵਰਗ ਦੀ ਮੁਕੰਮਲ ਸਰਦਾਰੀ ਸਥਾਪਤ ਹੋ ਜਾਣ ਨਾਲ, ਪਿੰਡ ਦੀਆਂ ਹੋਰਨਾਂ ਜਾਤੀਆਂ ਅੰਦਰ ਇਹ ਅਹਿਸਾਸ ਹੋਰ ਵੀ ਮਜ਼ਬੂਤ ਹੋ ਉਠਿਆ।




ਪੰਜਾਬੀ ਸੂਬੇ ਦੀ ਸਥਾਪਨਾਂ ਤੋਂ ਬਾਅਦ ਪੰਜਾਬ ਅੰਦਰ ਅਕਾਲੀ ਦਲ ਦੇ ਪ੍ਰਮੁੱਖ ਰਾਜਸੀ ਤਾਕਤ ਬਣ ਕੇ ਉਭਰ ਆਉਣ ਅਤੇ ਸੱਤਾ ਉਤੇ ਆਪਣਾ ਤਕੜਾ ਪਰਭਾਵ ਅਤੇ ਕੰਟਰੋਲ ਹਾਸਲ ਕਰ ਲੈਣ ਨਾਲ, ਪਿੰਡ ਦੀਆਂ ਦੂਸਰੀਆਂ ਜਾਤੀਆਂ ਅੰਦਰ ਬਰਾਬਰ ਦੇ ਹੱਕਾਂ ਤੇ ਮੌਕਿਆਂ ਤੋਂ ਵੰਚਤ ਹੋ ਜਾਣ ਦੀ ਭਾਵਨਾ ਜ਼ੋਰ ਫੜ ਗਈ ਅਤੇ ਉਨ੍ਹਾਂ ਓਟ ਲਈ ਆਲਾ-ਦੁਆਲਾ ਤੱਕਣਾ ਸ਼ੁਰੂ ਕਰ ਦਿੱਤਾ।

**ਜਦ ਕਿਸੇ ਨਿਤਾਣੇ ਵਰਗ ਨੂੰ, ਇਤਿਹਾਸ ਅੰਦਰ, ਕਿਸੇ ਜ਼ੋਰਾਵਰ ਧਿਰ ਦੁਆਰਾ ਦਰ-ਕਿਨਾਰ ਕਰ ਦਿੱਤੇ ਜਾਣ ਦਾ ਡਰ ਅਤੇ ਖਤਰਾ ਮਹਿਸੂਸ ਹੁੰਦਾ ਹੈ, ਤਾਂ ਇਹ ਹਮੇਸ਼ਾ ਹੀ ਜ਼ਰੂਰੀ ਨਹੀਂ ਹੁੰਦਾ ਕਿ ਉਹ ਆਪਣੀ ਰੱਖਿਆ ਲਈ ਰਾਜਸੀ ਤੌਰ 'ਤੇ ਜਥੇਬੰਦ ਹੋ ਕੇ ਜ਼ੋਰਾਵਰ ਧਿਰ ਨਾਲ ਸਿੱਧੀ ਟੱਕਰ ਲਈ ਤਿਆਰ ਹੋ ਜਾਵੇ। ਇਹ ਰਾਹ ਹਮੇਸ਼ਾ ਏਨਾ ਸਹਿਲ ਨਹੀਂ ਹੁੰਦਾ। ਬਲਕਿ ਬਹੁਤ ਹੀ ਜ਼ੋਖਮ ਭਰਿਆ ਹੁੰਦਾ ਹੈ। ਇਸ ਦੀ ਤੁਲਨਾ ਵਿਚ, ਅਜਿਹੀ ਸਥਿਤੀ ਵਿਚ ਘਿਰੇ ਵਰਗ ਲਈ ਸਵੈ-ਰਖਿਆ ਦਾ ਇਕ ਵਧੇਰੇ ਸੁਰੱਖਿਅਤ ਅਤੇ ਵੱਧ ਕਾਰਗਰ ਢੰਗ ਇਹ ਹੁੰਦਾ ਹੈ ਕਿ ਉਹ ਆਪਣੇ ਵੱਖਰੇ ਅਧਿਆਤਕ ਰਹਿਬਰ ਸਿਰਜ ਲੈਂਦਾ ਹੈ ਅਤੇ ਉਨ੍ਹਾਂ ਦੀ ਓਟ ਤਕ ਲੈਂਦਾ ਹੈ। ਇਹ ਰਾਹ ਵੱਧ ਕਫ਼ਾਇਤੀ ਅਤੇ ਘੱਟ ਖਤਰਿਆਂ ਭਰਿਆ ਹੁੰਦਾ ਹੈ।ਸੱਠਵਿਆਂ-ਸੱਤਰਵਿਆਂ ਵਿਚ ਪੰਜਾਬ ਅੰਦਰ ਜੱਟ ਕਿਸਾਨੀ ਦੀ ਚੜ੍ਹਤ ਤੋਂ ਤਰੱਭਕੇ ਕਮਜ਼ੋਰ ਪੇਂਡੂ ਵਰਗਾਂ ਅਤੇ ਪੰਜਾਬੀ ਸਮਾਜ ਦੀਆਂ ਹੋਰਨਾਂ ਪਛੜੀਆਂ ਸਮਝੀਆਂ ਜਾਂਦੀਆਂ ਜਾਤੀਆਂ ਅੰਦਰ ਇਹ ਵਰਤਾਰਾ ਜ਼ੋਰਦਾਰ ਰੂਪ ਵਿਚ ਪਰਗਟ ਹੋਇਆ। ਸਿੱਖ ਸਮਾਜ ਅੰਦਰਲੇ ਦਬੇ-ਕੁਚਲੇ ਤੇ 'ਪੱਛੜੇ' ਸਮਝੇ ਜਾਂਦੇ ਵਰਗਾ ਨੇ ਸਿੱਖ ਧਰਮ ਨਾਲੋਂ ਖੁੱਲ੍ਹੇ ਰੂਪ ਵਿਚ ਨਾਤਾ ਤੋੜਨ ਦੀ ਜਗ੍ਹਾ ਆਪਣੀਆਂ ਵੱਖਰੀਆਂ ਅਧਿਆਤਮਿਕ ਸ਼ਰਨਗਾਹਾਂ ਤਲਾਸ਼/ਸਿਰਜ ਲਈਆਂ। ਕੁਝ ਰਾਧਾਸੁਆਮੀ ਬਣ ਗਏ, ਕੁਝ ਨੇ 'ਸਰਸਾ' ਦੇ 'ਸੱਚੇ-ਸੌਦੇ' ਦਾ ਆਸਰਾ ਤੱਕ ਲਿਆ, ਕੁਝ ਡੇਰਾ ਬਾਬਾ ਵੱਡਭਾਗ ਸਿੰਘ ਦੇ ਮੁਰੀਦ ਬਣ ਗਏ, ਕੁਝ ਨਿਰੰਕਾਰੀਆਂ ਦੇ ਭਰਮਜਾਲ ਵਿਚ ਫਸ ਗਏ ਅਤੇ ਕੁਝ ਨਾਮਧਾਰੀਆਂ ਦੇ ਲੜ ਜਾ ਲੱਗੇ। ਬਾਕੀ ਦੇ, ਸਥਾਨਕ ਪੱਧਰਾਂ 'ਤੇ ਆਪਣਾ ਫਮਫਮਾ ਚਲਾ ਰਹੇ ਛੋਟੇ-ਮੋਟੇ 'ਬਾਬਿਆਂ' ਦੇ ਚਰਨੀਂ ਜਾ ਲੱਗੇ।**

**ਸਿੱਖੀ ਦੇ ਦ੍ਰਿਸ਼ਟੀਕੋਣ ਤੋਂ, ਇਹ ਵਰਤਾਰਾ ਸਿੱਖ ਧਰਮ ਨੂੰ ਵੱਡੀ ਢਾਹ ਲਾਉਣ ਦਾ ਸਾਧਨ ਬਣਿਆ ਤੇ ਬਣ ਰਿਹਾ ਹੈ। ਕਿਉਂਕਿ ਸਿੱਖ ਧਰਮ ਦੀ ਮੁੱਖ ਧਾਰਾ ਨਾਲੋਂ ਹਟਕੇ, ਗੁਰਮਤਿ ਵਿਚਾਰਧਾਰਾ ਦੇ ਨਿਖੇਧ ਵਿਚ ਉਭਰ-ਪਸਰ ਰਹੀਆਂ ਇਹ ਸੰਪਰਦਾਵਾਂ ਨਾ ਸਿਰਫ ਸਿੱਖ ਸਮਾਜ ਦੀ ਏਕਤਾ ਨੂੰ ਫਿਰਕੇਦਾਰੀ ਦੀਆਂ ਵੰਡਾਂ ਨਾਲ ਲੀਰੋ-ਲੀਰ ਕਰ ਰਹੀਆਂ ਹਨ ਸਗੋਂ ਅਲੱਗ ਅਲੱਗ ਪੱਧਰ 'ਤੇ, ਅਲੱਗ ਅਲੱਗ ਰੂਪਾਂ ਵਿਚ, ਅਤੇ**




ਅੱਜ ਦੀਆਂ ਅਹਿਮ ਖਬਰਾਂ ਅਤੇ ਲੇਖ

ਰੁਲਦਾ ਕਤਲ ਕੇਸ: ਭਾਈ ਤਾਰਾ ਨੇ ਵੀਡੀਉ ਕਾਨਫਰੰਸ ਰਾਹੀਂ ਭੁਗਤੀ ਪੇਸ਼ੀ, ਭਾਈ ਗੋਲਡੀ ਨੂੰ ਨਹੀਂ ਕੀਤਾ ਪੇਸ਼

ਖਾਲੜਾ ਮਿਸ਼ਨ ਵਲੋਂ "ਗੁਰਾਂ ਦਾ ਪੰਜਾਬ ਮੰਗਦਾ ਜੁਲਮਾਂ ਦਾ ਹਿਸਾਬ" ਸਿਰਲੇਖ ਹੇਠਾਂ ਸਿੱਖ ਪੰਥ ਦੇ ਨਾਂ ਖੁੱਲ੍ਹਾ ਪੱਤਰ ਜਾਰੀ

ਗੁਰਦੁਆਰਾ ਸ਼੍ਰੀ ਰਾਮਸਰ ਸਾਹਿਬ ਦੇ ਸਰੋਵਰ ਦੀ ਸਫਾਈ ਦੀ ਸੇਵਾ ਦੋ ਘੰਟਿਆਂ ਵਿੱਚ ਹੋਈ ਮੁਕੰਮਲ

ਕੌਮ 'ਚ ਏਕਤਾ ਤੇ ਇੱਕਸੁਰਤਾ ਕਿਵੇਂ ਹੋਵੇਗੀ...

ਸ਼੍ਰੋਮਣੀ ਕਮੇਟੀ ਦੀ ਪਿਛਲੀ ਚੋਣ ਭਾਰਤੀ ਸੁਪਰੀਮ ਕੋਰਟ ਨੇ ਕੀਤੀ ਬਹਾਲ

ਦਲ ਖਾਲਸਾ ਵਲੋਂ 18 ਸਤੰਬਰ ਨੂੰ ਵੂਲਵਰਹੈਂਪਟਨ ਵਿਖੇ ਹੋਣ ਜਾ ਰਹੀ ਸਿੱਖ ਕਨਵੈਨਸ਼ਨ ਵਿੱਚ ਲੋਕਾਂ ਨੂੰ ਸਾਮਿਲ ਹੋਣ ਦੀ ਅਪੀਲ

ਸ਼ਹੀਦ ਸਰਾਭੇ ਦੀ ਦ੍ਰਿੜਤਾ ਤੇ ਦਲੇਰੀ ਦੇ ਸਨਮੁੱਖ...

ਕੈਨੇਡਾ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਸਟੋਰ ਵਿੱਚ ਜਾਣ ਤੋਂ ਰੋਕਿਆ

ਅਕਾਲੀ ਦਲ, ਕਾਂਗਰਸ ਤੇ ਕੇਜਰੀਵਾਲ ਦੀਆਂ ਸਰਕਾਰਾਂ ਨੇ ਸਿੱਖਾਂ ਬਾਰੇ ਕੁਝ ਵੀ ਨਹੀਂ ਸੋਚਿਆ

ਆਲ ਇੰਡੀਆ ਸਿੱਖ ਸਟੂਡੈਂਸ ਫੈੱਡਰੇਸ਼ਨ ਦੀ ਅਗਵਾਈ ਹੁਣ ਹੋਵੇਗੀ ਵਿਦਿਆਰਥੀਆਂ ਦੇ ਹੱਥ

ਕਸ਼ਮੀਰ: ਈਦ ਦੇ ਪਵਿੱਤਰ ਦਿਹਾੜੇ 'ਤੇ ਤਿੰਨ ਹੋਰ ਕਸ਼ਮੀਰੀਆਂ ਦੀ ਮੌਤ, ਦੋ ਸਦੀਆਂ ਬਾਦ ਜ਼ਾਮਾ ਮਸਜਿਦ ਵਿੱਚ ਹੋਈ ਈਦ ਦੀ ਨਮਾਜ਼

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦਾ ਸੁਨੇਹਾ ਦਿੰਦੀ ਨਵੀਂ ਫਿਲਮ (ਜ਼ਰੂਰ ਦੇਖੋ)

ਭਾਈ ਦਇਆ ਸਿੰਘ ਲਾਹੌਰੀਆ ਨੂੰ ਮਾਤਾ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਦੋ ਦਿਨਾਂ ਛੁੱਟੀ ਮਿਲੀ

ਅਕਾਲ ਖਾਲਸਾ ਦਲ ਵੱਲੋਂ ਭਾਈ ਕੁਲਵੀਰ ਸਿੰਘ ਬੜਾ ਪਿੰਡ ਦੇ ਪਿਤਾ ਜੀ ਦੀ ਅੰਤਿਮ ਅਰਦਾਸ ਸਮੇਂ ਲਵਾਈ ਹਾਜਰੀ

ਅੱਜ ਦਾ



ਲੇਖ/ਵਿਚ



7 days





14 day



16 day



**ਅਲੱਗ ਅਲੱਗ ਮਾਤਰਾ ਵਿਚ ਸਿੱਖ ਵਿਚਾਰਧਾਰਾ ਦੀ ਨਿਰਮਲਤਾ ਤੇ ਪਾਕੀਜ਼ਗੀ ਨੂੰ ਵੀ ਪਲੀਤ ਕਰ ਰਹੀਆਂ ਹਨ। ਜੇਕਰ ਇਸ ਮਸਲੇ ’ਚ ਅਸਲੀ ਦੋਸ਼ੀਆਂ ਦਾ ਖੁਰਾ ਨੱਪਿਆ ਜਾਵੇ ਤਾਂ ਇਹ ਸਿੱਧਾ ਅਕਾਲੀ ਆਗੂਆਂ ਦੇ ਘਰੀਂ ਜਾ ਅਪੜਦਾ ਹੈ। ਅਕਾਲੀ ਆਗੂਆਂ ਨੇ ਇਸ ਵਰਤਾਰੇ ਨੂੰ ਦੋ ਪਾਸਿਆਂ ਤੋਂ ਉਗਾਸਾ ਦਿੱਤਾ। ਇਕ, ਸਿੱਖ ਸਮਾਜ ਅੰਦਰਲੇ ਗੈਰ-ਜੱਟ ਅਤੇ ਕਮਜ਼ੋਰ ਵਰਗਾਂ ਨੂੰ ਸੱਤਾ ਦੇ ਢਾਂਚੇ ’ਚੋਂ ਬਾਹਰ ਕੱਢਕੇ ਉਨ੍ਹਾਂ ਨੂੰ ਇਸ ਰਾਹ ਵੱਲ ਧੱਕਾ ਦੇ ਦਿੱਤਾ। ਦੂਜਾ, ਆਪਣੀ ਚੋਣ ਰਾਜਨੀਤੀ ਦੀਆਂ ਗਰਜਾਂ ਅਨੁਸਾਰ ਇਨ੍ਹਾਂ ਗੁਰਮਤਿ ਵਿਰੋਧੀ ਡੇਰਿਆਂ ਤੇ ਸੰਪਰਦਾਵਾਂ ਨਾਲ ਉਨ੍ਹਾਂ ਨਾ ਸਿਰਫ ਸਿਧਾਂਤਕ ਪੱਧਰ ’ਤੇ ਸਮਝੌਤਾ ਕਰ ਲੈਣ ਦੀਆਂ ਕਰੂਚੀਆਂ ਪ੍ਰਗਟਾਈਆਂ ਸਗੋਂ ਉਨ੍ਹਾਂ ਨਾਲ ਗੁੱਝੇ, ਅਤੇ ਕਈ ਮਾਮਲਿਆਂ ’ਚ ਨੰਗੇ, ਸਬੰਧ ਬਨਾਉਣ/ਪਾਲਣ ਦੀ ਨੰਗੀ ਮੌਕਾਪ੍ਰਸਤੀ ਵੀ ਦਿਖਾਈ।**

ਵੈਸੇ ਵੀ ਅਕਾਲੀ ਦਲ ਦੀ ਪੇਂਡੂ ਲੀਡਰਸ਼ਿੱਪ ਦੇ ਵਹਿਮਾਂ ਭਰਮਾਂ ਵਿਚ ਅੰਨ੍ਹਾਂ ਯਕੀਨ ਪਾਲਣ ਅਤੇ ਸਾਧਾਂ ਸੰਤਾਂ ਅੱਗੇ ਨੱਕ ਰਗੜਨ ਵਰਗੇ ਗੁਰਮਤਿ-ਦੋਖੀ ਅਮਲਾਂ ਨੂੰ ਹੱਲਾ-ਸ਼ੇਰੀ ਦੇਣ ਵਾਲੇ ਪੇਂਡੂ ਸਭਿਆਚਾਰ ਦੇ ਖੁਦ ਗਹਿਰੇ ਅਸਰ ਹੇਠ ਹੋਣ ਕਰਕੇ, ਪਿਛਲੇ ਸਮੇਂ ਦੌਰਾਨ ਆਮ ਰੂਪ ਵਿਚ ਹੀ ਡੇਰਾ ਸਭਿਆਚਾਰ ਵੱਧ ਪ੍ਰਫੁਲਤ ਹੋਇਆ ਹੈ। ਜਿਸ ਦੇ ਨਤੀਜੇ ਵਜੋਂ ਰੋਜ਼-ਮਰ੍ਹਾ ਦੀ ਜ਼ਿੰਦਗੀ ਤੋਂ ਲੈ ਕੇ, ਧਾਰਮਿਕ ਤੇ ਰਾਜਸੀ ਖੇਤਰ ਤੱਕ, ਹਰ ਜਗ੍ਹਾ ‘ਸੰਤਾਂ/ਬਾਬਿਆਂ’ ਦਾ ਬਹੁਤ ਹੀ ਉਭਰਵਾਂ ਰੋਲ ਅਤੇ ਦਬਦਬਾ ਦੇਖਣ ਨੂੰ ਮਿਲ ਰਿਹਾ ਹੈ। ਜਿੰਨਾ ਚਿਰ ਅਕਾਲੀ ਦਲ ਦੀ ਲੀਡਰਸ਼ਿੱਪ ਸ਼ਹਿਰੀ ਮੱਧ-ਵਰਗੀ ਤੱਤਾਂ ਦੇ ਹੱਥ ਵਿਚ ਰਹੀ ਉਨਾਂ ਚਿਰ ਇਨ੍ਹਾਂ ਰੁਝਾਨਾਂ ਅਤੇ ਅਮਲਾਂ ਨੇ ਦਬਵਾਂ ਰੂਪ ਅਖਤਿਆਰ ਕਰੀ ਰੱਖਿਆ। ਸਿੱਖ ਧਰਮ ਅੰਦਰ ‘ਡੇਰੇਦਾਰਾਂ’ ਤੇ ‘ਡੇਰਾ ਸਭਿਆਚਾਰ’ ਨੂੰ ਇਨੀ ਖੁਲ੍ਹੀ ਮਾਨਤਾ ਪੇਂਡੂ ਜੱਟ ਲੀਡਰਸ਼ਿੱਪ ਦੇ ‘ਰਾਜ’ ਅੰਦਰ ਹੀ ਹਾਸਲ ਹੋਈ ਹੈ।

ਅਜਿਹੇ ਲੜਾਕੂ ਤੇ ਸਖ਼ਸ਼ੀਅਤਪ੍ਰਸਤ ਕਬੀਲਿਆਂ ਦਾ ਇਹ ਖਾਸ ਲੱਛਣ ਹੈ ਕਿ ਉਹ ਬਾਹਰੀ ਖਤਰੇ ਦੇ ਖਿਲਾਫ ਕੱਠੇ ਹੋ ਕੇ ਲੜਦੇ ਹਨ। ਪਰ ਜਦ ਇਹ ਖਤਰਾ ਟਲ ਜਾਵੇ ਜਾਂ ਅਲੋਪ ਹੋ ਜਾਵੇ ਤਾਂ ਆਪਸ ਵਿਚ ਖਹਿਬੜ ਪੈਂਦੇ ਹਨ। ਬਾਹਰੀ ਖਤਰੇ ਖਿਲਾਫ ’ਕੱਲਾ ’ਕੱਲਾ ਸਵਾ ਲੱਖ ਨਾਲ ਲੜ ਸਕਦਾ ਹੈ, ਪਰ ਬਾਅਦ ਵਿਚ ਆਪਸ ਵਿਚ ਉਲਝ ਪੈਂਦੇ ਹਨ। ਖਾਨਾਬਦੋਸ਼ ਜੀਵਨ ਅੰਦਰ, ਕਦੇ ਸਵੈ-ਰੱਖਿਆ ਲਈ ਅਤੇ ਕਦੇ ਲੋੜ ਪੂਰਤੀ ਲਈ, ਲੜਨਾ ਉਨ੍ਹਾਂ ਦੀ ਲੋੜ ਬਣੀ ਰਹਿੰਦੀ ਸੀ। ਹੌਲੀ-ਹੌਲੀ ਇਹ ਉਨਾਂ ਦੀ ਆਦਤ ਬਣ ਗਈ। ਬਿਨਾਂ ਜ਼ਿਆਦਾ ਸੋਚੇ-ਵਿਚਾਰੇ, ਅਤੇ ਸਿਟਿਆਂ ਤੋਂ ਬੇਪਰਵਾਹ, ਲੜਾਈ ਵਿਚ ਕੁੱਦ ਪੈਣਾ ਉਨ੍ਹਾਂ ਦੇ ਸੁਭਾਅ ਦਾ ਆਮ ਲੱਛਣ ਬਣ ਜਾਂਦਾ ਹੈ। ਇਸ ਲੱਛਣ ਨੂੰ ਘੜਨ-ਤਰਾਸ਼ਣ ਵਿਚ ਇਤਿਹਾਸਕ ਹਾਲਤਾਂ ਦਾ ਵੱਡਾ ਭਾਰੀ ਰੋਲ ਹੈ। ਬਰਬਰਤਾ ਦੇ ਯੁੱਗ ਅੰਦਰ ਉਨਾਂ ਨੂੰ ਨਿਰੰਤਰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਅਤੇ ਇਹ ਆਫਤਾਂ ਬੂਹੇ ਉਤੇ ਦਸਤਕ ਦੇ ਕੇ ਨਹੀਂ ਸਨ ਆਉਂਦੀਆਂ। ਸੁਤਿਆਂ ਪਿਆਂ ਨੂੰ ਦਬੋਚ ਲੈਂਦੀਆਂ ਸਨ। ਉਨ੍ਹਾਂ ਨੂੰ ਬਾਹਰੀ ਹਮਲਿਆਂ, ਧਾੜਵੀਆਂ ਅਤੇ ਲੁਟੇਰੇ ਗਰੋਹਾਂ ਵਿਰੁੱਧ ਅਚਨਚੇਤ ਲੜਨਾ ਪੈਂਦਾ ਰਿਹਾ। ਉਨ੍ਹਾਂ ਨੂੰ ਲੜਨ ਤੋਂ ਪਹਿਲਾਂ ਲੜਾਈ ਬਾਰੇ ਸੋਚ ਵਿਚਾਰ ਕਰਨ ਦਾ ਵਕਤ ਹੀ ਨਹੀਂ ਸੀ ਜੁੜਦਾ। ਇਸ ਕਰਕੇ, ਹੌਲੀ-ਹੌਲੀ ¦ਮੇ ਇਤਿਹਾਸਕ ਅਮਲ ਅੰਦਰ, ਉਨ੍ਹਾਂ ਦੀ ਸੋਚਣ ਦੀ ਆਦਤ ਹੀ ਜਾਂਦੀ ਰਹੀ। ਅਤੇ ਇਹ ਰੁਚੀ ਇਸ ਕਦਰ ਪੱਕੀ ਹੋ ਗਈ ਕਿ ਉਨ੍ਹਾਂ ਨੂੰ ਸੋਚਣ ਦੀ ਲੋੜ ਮਹਿਸੂਸ ਹੋਣੋਂ ਹੀ ਹੱਟ ਗਈ। ਇਤਿਹਾਸ ਅੰਦਰ ਯੁਗਾਂ ਦਾ ਪੈਂਡਾ ਤਹਿ ਕਰ ਲੈਣ ਤੋਂ ਬਾਅਦ ਵੀ ਇਨ੍ਹਾਂ ਕਬੀਲਿਆਂ ਦੇ ਸੁਭਾਅ ਅਤੇ ਵਿਹਾਰ ਉਤੇ ਇਸ ਰੁਚੀ ਦਾ ਗੂੜ੍ਹਾ ਅਸਰ ਮੌਜੂਦ ਹੈ। ਪੰਜਾਬ ਦੇ ਜੱਟ-ਕਿਸਾਨ ਨੇ ਆਪਣਾ ਇਹ ‘ਵਿਰਸਾ’ ਖਾਸ ਤੌਰ ’ਤੇ ਸੰਭਾਲਿਆ ਹੋਇਆ ਹੈ ਅਤੇ ਅਜੋਕੀ ਅਕਾਲੀ ਰਾਜਨੀਤੀ ’ਚੋਂ ਇਸ ਦੀ ਗੂੜ੍ਹੀ ਭਾਅ ਪਰਤੱਖ ਨਜ਼ਰ ਆਉਂਦੀ ਹੈ।

ਇਤਿਹਾਸ ਅੰਦਰ ਤਜ਼ਰਬੇ ’ਚੋਂ ਇਸ ਗੱਲ ਦੀ ਵਾਰ ਵਾਰ ਪੁਸ਼ਟੀ ਹੋਈ ਹੈ ਕਿ ਸਿੱਖ ਵਿਚਾਰਧਾਰਾ ਹੀ ਸੀ ਜਿਸਨੇ ਜੱਟ ਕਿਸਾਨ ਦੇ ਸੁਭਾਅ ਅਤੇ ਆਚਰਨ ਉਤੇ ਇਨਕਲਾਬੀ ਪੁੱਠ ਚਾੜ੍ਹੀ ਸੀ। ਇਸ ਵਿਚਾਰਧਾਰਾ ਤੋਂ ਸੱਖਣਾ ਜੱਟ ਕਿਰਦਾਰ ਆਪਣੇ ਹਾਂਦਰੂ ਲੱਛਣ ਗੁਆ ਕੇ ਨਾਂਹ-ਵਾਚੀ ਹੋ ਨਿਬੜਦਾ ਹੈ। ਅਠਾਰਵੀਂ ਸਦੀ ’ਚ ਵੀ ਜੱਟ ਕਿਸਾਨਾਂ ਦੇ ਜਿਨ੍ਹਾਂ ਹਿੱਸਿਆਂ ਨੇ ਸਿੱਖ ਲਹਿਰ ਦੀ ਮੂਲ-ਆਤਮਾ ਨੂੰ ਗ੍ਰਹਿਣ ਨਹੀਂ ਸੀ ਕੀਤਾ, ਉਨ੍ਹਾਂ ਨੇ ਲਹਿਰ ਅੰਦਰ ਸ਼ਾਮਲ ਹੋ ਕੇ ਨਾਂਹ-ਵਾਚੀ ਅਮਲਾਂ ਤੇ ਰੁਝਾਨਾਂ ਨੂੰ ਤਕੜਾਈ ਬਖ਼ਸ਼ੀ।

ਜਿਸ ਵਰਗ ਨੇ ਸਿੱਖੀ ਦੀ ਹਕੀਕੀ ਸਪਿਰਟ ਤੇ ਜਜ਼ਬੇ ਨੂੰ ਧੁਰ ਦਿਲੋਂ ਅਪਣਾਇਆ ਤੇ ਗ੍ਰਹਿਣ ਕੀਤਾ ਸੀ, ਉਨ੍ਹਾਂ ਨੇ ਪਾਕਿ ਤੇ ਬੁ¦ਦ ਇਖਲਾਕ ਦੇ ਉਹ ਜਲਵੇ ਦਿਖਾਏ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਕੱਟੜ ਦੁਸ਼ਮਣ ਵੀ ਪ੍ਰਭਾਵਿਤ ਤੇ ਅਚੰਭਤ ਹੋਣੋਂ ਨਾ ਰਹਿ ਸਕੇ। ਸੋ ਸਮੁੱਚੇ ਇਤਿਹਾਸਕ ਤਜਰਬੇ ’ਚੋਂ ਇਹ ਗੱਲ ਪਰਗਟ ਹੁੰਦੀ ਹੈ ਕਿ ਪੰਜਾਬ ਦਾ ਜੱਟ ਕਿਸਾਨ ਜਦ ਸਿੱਖੀ ਦੇ ਜਜ਼ਬੇ ਨੂੰ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਸ਼ੁੱਧ ‘ਸੋਨਾ’ ਬਣ ਜਾਂਦਾ ਹੈ ਅਤੇ ਜਦ ਉਹ ਇਸ ਜਜ਼ਬੇ ਤੋਂ ਵਿਰਵਾ ਹੋ ਜਾਂਦਾ ਹੈ ਤਾਂ ਉਹ ‘ਪਿਤਲ’ ਦੇ ਮੁੱਲ ਦਾ ਵੀ ਨਹੀਂ ਰਹਿੰਦਾ। ਬਤੌਰ ਨਿਰਾ ਜੱਟ ਉਹ ਜ਼ਾਹਲ ਤੇ ਜਾਤ ਅਭਿਮਾਨੀ ਹੋ ਨਿਬੜਦਾ ਹੈ। ਇਸ ਸਬੰਧੀ (ਮਰਹੂਮ) ਪ੍ਰੋ. ਕਿਸ਼ਨ ਸਿੰਘ ਦਾ ਇਹ ਨਿਰਣਾ ਬਹੁਤ ਹੀ ਟਿਕਾਣੇ ਦਾ ਹੈ ਕਿ “ਪੰਜਾਬ ਦੇ ਜੱਟ-ਕਿਸਾਨ ਦੇ ਕਿਰਦਾਰ ਅੰਦਰ ਇਕ ਵੱਡਾ ਵਿਰੋਧਾ-ਭਾਸ ਹੈ। ਇਸ ਵਿਚ ਜਿੱਥੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਾਸਤੇ ਐਨੀ ਡੂੰਘੀ ਵਫ਼ਾਦਾਰੀ ਹੈ, ਉੱਥੇ ਜੱਟਪੁਣੇ ਦਾ ਜਜ਼ਬਾ ਵੀ ਬਹੁਤ ਗਹਿਰਾ ਹੈ। ਜੱਟਪੁਣੇ ਦੇ ਜਜ਼ਬੇ ਦੇ ਦੋ ਪਹਿਲੂ ਹਨ। ਇਕ, ਇਹ ਇਸ ਨੂੰ ਕੀਰ ਹੋਣੋਂ ਬਚਾਉਂਦਾ ਹੈ। (ਇਸ ਪੱਖੋਂ ਗੁਣਕਾਰੀ ਹੈ)। ਦੂਜਾ, ਇਹ ਦੀਰਘ ਰੋਗ ਹੈ ….. ਜੱਟਪੁਣੇ ਦਾ ਇਹ ਜਜ਼ਬਾ ਹੈ ਇਨਾ ਪਰਬਲ ਤੇ ਹੱਡੀਂ ਰਚਿਆ ਹੋਇਆ ਕਿ ਸਵਾਏ ਸਿੱਖੀ ਤੋਂ, ਸਵਾਏ ਗੁਰੂ ਸਾਹਿਬ ਦੇ ਜਜ਼ਬੇ ਤੋਂ, ਇਸ (ਜੱਟਪੁਣੇ) ਉਤੇ ਹੋਰ ਕੋਈ ਜਜ਼ਬਾ ਗਲਬਾ ਨਹੀਂ ਪਾ ਸਕਦਾ”6

ਦੂਜੀ ਗੱਲ, ਜੇਕਰ ਜੱਟ ਕਿਸਾਨ ਰਾਜਸੀ ਤੌਰ ’ਤੇ ਚੇਤਨ ਨਹੀਂ, ਨਿਸ਼ਾਨਿਆਂ ਬਾਰੇ ਸੱਪਸ਼ਟ ਤੇ ਦ੍ਰਿੜ੍ਹ-ਚਿਤ ਨਹੀਂ, ਤਾਂ ਉਹ ਕਿਸੇ ਵੀ ਰਾਜਸੀ ਤਾਕਤ ਨਾਲ ਨਿਰਬਾਹ ਕਰ ਸਕਦਾ ਹੈ। ਉਸਦਾ ਹੱਥਠੋਕਾ ਬਣ ਸਕਦਾ ਹੈ। ਬਸ਼ਰਤੇ ਕਿ ਉਸਦੇ ਆਰਥਿਕ ਹਿਤਾ ਨੂੰ ਆਂਚ ਨਾ ਆਵੇ। ਜੇਕਰ ਕੋਈ ਹੁਕਮਰਾਨ ਤਾਕਤ ਉਸਦੇ ਆਰਥਿਕ ਹਿਤਾ ਨੂੰ ਸੱਟ ਨਾ ਮਾਰੇ ਅਤੇ ਉਸਦੀ ਸੀਮਤ ਜਿਹੇ ਦਾਇਰੇ ਵਾਲੀ ਆਜ਼ਾਦੀ ’ਚ ਦਖਲ ਨਾ ਦੇਵੇ, ਤਾਂ ਉਹ ਉਸ ਨਾਲ ਆਰਾਮ ਨਾਲ ਨਿਰਭਾਅ ਕਰ ਸਕਦਾ ਹੈ।

ਇਹ ਗੱਲ ਬਰਤਾਨਵੀ ਰਾਜ ਵੇਲੇ ਵੀ ਪਰਗਟ ਹੋਈ ਅਤੇ ਅਜੋਕੇ ਸਮੇਂ ਵੀ ਸਾਹਮਣੇ ਆ ਰਹੀ ਹੈ। ਰਾਜਸੀ ਚੇਤਨਾ ਤੋਂ ਕੋਰਾ ਜੱਟ ਕਿਸੇ ਵੀ ਰਾਜਸ਼ਕਤੀ ਦਾ ‘ਬਹਾਦਰ ਜਵਾਨ’ ਬਣਕੇ ਆਪਣਾ ਅਤੇ ਹੋਰਨਾਂ ਦਾ ਨਾ ਸਿਰਫ ਅਜਾਈਂ, ਸਗੋਂ ਨਹੱਕਾ ਲਹੂ ਡੋਲ੍ਹ ਸਕਦਾ ਹੈ। ਅਤੇ ਇਸ ਉਤੇ ਉਜੱਡ ਕਿਸਮ ਦਾ ਗਰੂਰ ਕਰ ਸਕਦਾ ਹੈ। ਅਸਲ ਵਿਚ ਜਿਸ ਨੂੰ ਪ੍ਰੋ. ਕਿਸ਼ਨ ਸਿੰਘ ਨੇ ‘ਜੱਟਪੁਣੇ’ ਦਾ ਨਾਉਂ ਦਿੱਤਾ ਹੈ, ਉਹ ਆਦਰਸ਼ਕ ਪਰੇਰਨਾਂ ਤੋਂ ਖਾਲੀ ਦਲੇਰੀ ਤੇ ਲੜਾਕੂਪੁਣਾ ਹੈ, ਜੋ ਕਿ ਬਗੈਰ ਸਾਧਿਆ ਹੋਇਆ, ਕਬਾਇਲੀ ਪੱਧਰ ਦਾ ਜਜ਼ਬਾ ਹੈ।

ਸਿੱਖ ਲਹਿਰ ਦੇ ਰੂਪ ਵਿਚ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਕ ਨਿਸ਼ਾਨਿਆਂ ਲਈ ਜਦੋਜਹਿਦ ਨੇ, ਜੱਟ ਕਿਸਾਨ ਦੇ ਚਰਿਤਰ ਨੂੰ ਨਵਾਂ ਰੂਪ ਚਾੜ੍ਹਿਆ। ਇਤਿਹਾਸ ਅੰਦਰ ਵੀ, ਅਤੇ ਅਜੋਕੇ ਸਮੇਂ ’ਚ ਵੀ, ਜਿੱਥੇ ਇਹ ਨਿਸ਼ਾਨੇ ਗਾਇਬ ਹੋ ਗਏ, ਉੱਥੇ ਉਸਦਾ ਵਿਹਾਰ ਮੁੜ ਕਬਾਇਲੀ ਪੱਧਰ ’ਤੇ ਆ ਡਿਗਿਆ। ਜੇਕਰ ਉਸ ਨੂੰ ਕਿਸੇ ਇਨਕਲਾਬੀ ਆਦਰਸ਼ ਦੀ ਸੱਚਮੁੱਚ ਪਕੜ ਹੋ ਜਾਵੇ,ਉਹ ਸਿੱਖੀ ਦੀ ਸਪਿਰਟ ਨੂੰ ਹਕੀਕੀ ਰੂਪ ’ਚ ਗ੍ਰਹਿਣ ਕਰ ਲਵੇ ਤਾਂ ਉਹ ਬਹੁਤ ਦੁਸ਼ਵਾਰ ਹਾਲਤਾਂ ਵਿਚ ਵੀ ਇਰਾਦੇ ਦੀ ਅਡੋਲਤਾ ਪਰਗਟਾਅ ਸਕਦਾ ਅਤੇ ਸਿਦਕ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਸਕਦਾ ਹੈ ; ਸਾਲਾ ਬੱਧੀ, ਬਲਕਿ ਦਹਾਕਿਆਂ ਬੱਧੀ, ਅੱਤ ਦਰਜੇ ਦੀਆਂ ਮੁਸੀਬਤਾਂ ਤੇ ਤਸੀਹੇ ਝੱਲਣ ਦੇ ਬਾਵਜੂਦ, ਬਿਨਾਂ ਡੋਲੇ, ਬਿਨਾਂ ਝੁਕੇ, ਬਿਨਾਂ ਰੁਕੇ ਆਪਣੇ ਨਿਸ਼ਾਨੇ ਵੱਲ ਅਡੋਲ ਵਧ ਸਕਦਾ ਹੈ।

ਨਾਉਮੀਦੀ ਦੀ ਹਾਲਤ ਵਿਚ ਵੀ ਕੁਰਬਾਨੀ ਤੇ ਬਹਾਦਰੀ ਦੇ ਬੇਜੋੜ ਜਲਵੇ ਦਿਖਾ ਸਕਦਾ ਹੈ। ਪਰ ਜਦ ਉਸ ਅੰਦਰ ਆਦਰਸ਼ ਦਾ ਜਜ਼ਬਾ ਕਮਜ਼ੋਰ ਪੈ ਜਾਵੇ ਤਾਂ ਉਸ ਅੰਦਰ ਖੁਦਪ੍ਰਸਤੀ,ਬੇਦਿਲੀ ਤੇ ਆਤਮ-ਸਮਰਪਣ ਕਰਨ ਦੀਆਂ ਰੁਚੀਆਂ ਸਿਰ ਚੁਕ ਲੈਂਦੀਆਂ ਹਨ ਅਤੇ ਉਹ ਸਸਤੇ ਭਾਅ (ਕਈ ਵਾਰ ਤਾਂ ਮੁਫਤੋਂ-ਮੁਫਤੀ ਹੀ!) ਵਿਕਣ ਲਈ ਤਿਆਰ ਹੋ ਜਾਂਦਾ ਹੈ। ਅਜੋਕੇ ਸਰਮਾਏਦਾਰਾਂ ਯੁਗ ਨੇ ਉਸਦੀ ਸਖ਼ਸ਼ੀਅਤ ਪ੍ਰਸਤੀ ਅਤੇ ਖੁਦਗਰਜ਼ੀ ਉਤੇ ਨਵਾਂ ਜੋਬਨ ਚਾੜ੍ਹ ਦਿੱਤਾ ਹੈ ਅਤੇ ਇਨਕਲਾਬੀ ਆਦਰਸ਼ ਤੋਂ ਸੱਖਣਾ ਜੱਟ ਕਿਸਾਨ ਇਕ ਕਮਾਊ ਪਰ ਲਾਲਸਾਵਾਨ ਜੀਵ ਬਣ ਕੇ ਰਹਿ ਗਿਆ ਹੈ। ਇਹ ਅੰਸ਼ ਅਜੋਕੀ ਅਕਾਲੀ ਰਾਜਨੀਤੀ ਦੀ ਦਿਸ਼ਾ ਅਤੇ ਨੁਹਾਰ ਉਤੇ ਆਪਣਾ ਗਹਿਰਾ ਪ੍ਰਭਾਵ ਪਰਗਟਾਅ ਰਿਹਾ ਹੈ।

**ਚੱਲਦਾ…….**

## ਟਿੱਪਣੀ ਕਰੋ:


ਬੈਂਸ ਭਰਾਵਾਂ ਅਤੇ ਨਵਜੋਤ ਸਿੰਘ ਸਿੱਧੂ ਨੇ ਅੱਜ ‘ਆਵਾਜ਼-ਏ-ਪੰਜਾਬ’ ਫਰੰਟ ਬਣਾਉਣ ਦਾ ਐਲਾਨ ਕੀਤਾ

## ਕੌਮਾਂਤਰੀ ਖਬਰਾਂ


ਸਿੱਖ ਕਤਲੇਆਮ ਨੂੰ ਫ਼ਰਿਜ਼ਨੋ ਸਿਟੀ ਕੌਂਸਲ ਕੈਲੇਫ਼ੋਰਨੀਆ ਨੇ ਨਸਲਕੁਸ਼ੀ ਕਰਾਰ ਦਿੱਤਾ
September 3, 2016


ਬਰਤਾਨੀਆ ਦੇ ਖਾਣ ਦੀਆਂ ਚੀਜ਼ਾਂ ਬਣਾਉਣ ਵਾਲੇ ਸ਼ੋਅ ਵਿੱਚ ਸ਼ਾਮਲ ਸਿੱਖ ‘ਤੇ ਹੋਈਆਂ ਨਸਲੀ ਟਿੱਪਣੀਆਂ
September 3, 2016


ਤਾਰਾ ਸਿੰਘ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ
September 1, 2016


100 ਸਾਲਾ ਬੇਬੇ ਮਾਨ ਕੌਰ ਨੇ ਅਮਰੀਕਨ ਮਾਸਟਰਸ ਖੇਡਾਂ ‘ਚ 100 ਮੀਟਰ ਦੌੜ ‘ਚ ਬਾਜ਼ੀ ਮਾਰੀ
August 31, 2016


ਸਰੀ ਦੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਲੱਗੀ ਅੱਗ
August 28, 2016


ਪੰਜਾਬ ਪੁਲਿਸ ਦੇ ਆਈ.ਜੀ. ਖਿਲਾਫ ਯੂ.ਐਨ. ਮਨੁੱਖੀ ਅਧਿਕਾਰ ਕੌਂਸਲ ਕੋਲ ਸ਼ਿਕਾਇਤ ਦਾਇਰ
August 19, 2016


ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਨੌਜਵਾਨ ਖਾੜਕੂ ਨਹੀਂ, ਸਿਆਸੀ ਕਰਕੂਨ: ਸਿੱਖਸ ਫਾਰ ਜਸਟਿਸ
August 13, 2016


ਕੈਲੋਫੋਰਨੀਆਂ ਵਿੱਚ ਗੁਟਕੇ ਦੀ ਬੇਅਦਬੀ ਦੀ ਗਟਨਾ ਦੇ ਦੋਸ਼ੀ ਨੂੰ ਜਲਦੀ ਗ੍ਰਿਫਤਾਰ ਕਰਨ ਦੀ ਮੰਗ
August 12, 2016


ਸਿੱਖੀ ਜਜ਼ਬੇ ਵਾਲੇ ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਕਾਕੜਾ ਦਾ ਕੈਨੇਡਾ ਵਿੱਚ ਸਨਮਾਨ
August 8, 2016


ਅਮਰੀਕਾ ਵਿੱਚ ਸਿੱਖ ਕੈਂਪੇਨ ਸਿੱਖ ਪਛਾਣ ਲਈ ਟੀਵੀ ਚੈਨਲਾਂ ‘ਤੇ ਚਲਾਵੇਗੀ ਇਸ਼ਤਿਹਾਰੀ ਮੁਹਿੰਮ
July 23, 2016